ਪੰਜਾਬ ਸਰਕਾਰ
ਪ੍ਰਸ਼ਾਸਨਿਕ ਸੁਧਾਰ ਅਤੇ ਲੋਕ ਸ਼ਿਕਾਇਤਾਂ ਵਿਭਾਗ
(ਪ੍ਰਸ਼ਾਸਨਿਕ ਸੁਧਾਰ-1 ਸ਼ਾਖਾ)

# ਰਾਜ ਸੂਚਨਾ ਕਮਿਸ਼ਨਰ ਦੀ ਅਸਾਮੀ ਲਈ ਇਸ਼ਤਿਹਾਰ

ਪੰਜਾਬ ਸਰਕਾਰ ਵੱਲੋਂ ਪੰਜਾਬ ਰਾਜ ਸੂਚਨਾ ਕਮਿਸ਼ਨ, ਚੰਡੀਗੜ੍ਹ ਦੇ ਦਫਤਰ ਲਈ ਰਾਜ ਸੂਚਨਾ ਕਮਿਸ਼ਨਰ ਦੀ ਇੱਕ ਖਾਲੀ ਅਸਾਮੀ ਭਰਨ ਲਈ ਯੋਗ ਉਮੀਦਵਾਰਾਂ ਤੋਂ ਅਰਜ਼ੀਆਂ ਮੰਗੀਆਂ ਜਾਂਦੀਆਂ ਹਨ। ਸੂਚਨਾ ਅਧਿਕਾਰ ਐਕਟ, 2005 ਦੀ ਧਾਰਾ 15 (5) ਵਿਚ ਦਰਜ਼ ਉਪਬੰਧਾ ਅਨੁਸਾਰ ਰਾਜ ਸੂਚਨਾ ਕਮਿਸ਼ਨਰ ਦੀ ਅਸਾਮੀ ਲਈ ਕਾਨੂੰਨ, ਵਿਗਿਆਨ ਅਤੇ ਤਕਨਾਲੋਜੀ, ਸਮਾਜ ਸੇਵਾ ਪ੍ਰਬੰਧ, ਪੱਤਰਕਾਰੀ, ਜਨ ਸੰਪਰਕ ਮਾਧਿਅਮ ਜਾਂ ਪ੍ਰਸ਼ਾਸ਼ਨ ਅਤੇ ਸ਼ਾਸਨ ਵਿਚ ਵਿਆਪਕ ਗਿਆਨ ਅਤੇ ਤਜ਼ਰਬਾ ਰੱਖਣ ਵਾਲਾ ਵਿਅਕਤੀ ਹੀ ਇਸ ਅਹੁੱਦੇ ਲਈ ਬਿਨੈ ਕਰ ਸਕਦਾ ਹੈ। ਇਸ ਤੋ ਇਲਾਵਾ ਧਾਰਾ 15 (6) ਅਨੁਸਾਰ ਰਾਜ ਸੂਚਨਾ ਕਮਿਸ਼ਨਰ ਸੰਸ਼ਦ ਦਾ ਮੈਂਬਰ ਜਾਂ ਕਿਸੇ ਰਾਜ ਜਾਂ ਸੰਘ ਰਾਜ ਖੇਤਰ ਦੇ ਵਿਧਾਨ ਮੰਡਲ ਦਾ ਮੈਂਬਰ, ਜਿਹੀ ਕਿ ਸੂਰਤ ਹੋਵੇ, ਨਹੀਂ ਹੋਵੇਗਾ ਜਾਂ ਕੋਈ ਲਾਭ ਦਾ ਅਹੁੱਦਾ ਧਾਰਨ ਨਹੀਂ ਕਰੇਗਾ ਜਾਂ ਕਿਸੇ ਰਾਜਨੀਤਿਕ ਦਲ ਨਾਲ ਸਬੰਧਤ ਨਹੀਂ ਹੋਵੇਗਾ ਜਾਂ ਕੋਈ ਕਾਰੋਬਾਰ ਨਹੀਂ ਕਰੇਗਾ ਜਾਂ ਕੋਈ ਪੇਸ਼ਾ ਨਹੀਂ ਕਰੇਗਾ। ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਨਿਯੁਕਤੀ ਭਾਰਤ ਸਰਕਾਰ, ਪ੍ਰਸੋਨਲ ਮੰਤਰਾਲਾ, ਲੋਕ ਸ਼ਿਕਾਇਤਾਂ ਅਤੇ ਪੈਨਸਨ, ਪ੍ਰਸੋਨਲ ਅਤੇ ਟਰੇਨਿੰਗ ਵਿਭਾਗ ਵੱਲੋਂ ਜਾਰੀ ਨੋਟੀਫਿਕੇਸਨ ਮਿਤੀ 24-10-2019 ਵਿਚ ਦਰਜ਼ ਸ਼ਰਤਾਂ/ਬਾਨਾ ਤੇ ਅਧਾਰਿਤ ਹੋਵੇਗੀ। ਇਹ ਅਰਜ਼ੀਆਂ ਮਿਤੀ 12 ਫਰਵਰੀ, 2020, ਸ਼ਾਮ 5.00 ਵਜ਼ੇ ਤੱਕ ਸਾਦੇ ਕਾਗਜ ਤੇ (ਸਮੇਤ ਪਾਸਪੋਰਟ ਸਾਈਜ਼ ਫੋਟੋ) ਨਿਮਨਹਸਤਾਖਰ ਦੇ ਦਫਤਰ, ਕਮਰਾ ਨੰਬਰ 227, ਦੂਜੀ ਮੰਜ਼ਿਲ, ਪੰਜਾਬ ਸਿਵਲ ਸਕੱਤਰੇਤ-2, ਸੈਕਟਰ-9, ਚੰਡੀਗੜ੍ਹ ਵਿਖੇ ਪ੍ਰਾਪਤ ਕੀਤੀਆਂ ਜਾਣਗੀਆਂ। ਮਿੱਥੇ ਸਮੇਂ ਤੋਂ ਬਾਅਦ ਪ੍ਰਾਪਤ ਹੋਈਆਂ ਅਰਜ਼ੀਆਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

ਸਹੀ/-
ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ
ਪ੍ਰਸ਼ਾਸ਼ਨਿਕ ਸੁਧਾਰ ਅਤੇ ਲੋਕ ਸ਼ਿਕਾਇਤਾਂ ਵਿਭਾਗ